# ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।

ਸੇਵਾ ਵਿਖੇ,

1. ਸੀਨੀਅਰ ਨਗਰ ਯੋਜਨਾਕਾਰ, ਪਟਿਆਲਾ/ਲੁਧਿਆਣਾ/ਅੰਮ੍ਰਿਤਸਰ/ਜਲੰਧਰ/ਐਸ.ਏ. ਐਸ.ਨਗਰ।
2. ਜਿਲਾ ਨਗਰ ਯੋਜਾਨਾਕਾਰ, ਪਟਿਆਲਾ/ਬਠਿੰਡਾ/ਸੰਗਰੂਰ/ਲੁਧਿਆਣਾ/ਫਰੀਦਕੋਟ/ ਫਿਰੋਜਪੁਰ/ਅੰਮ੍ਰਿਤਰਸਰ/ਗੁਰਦਾਸਪੁਰ/ਜਲੰਧਰ/ਹੁਸ਼ਿਆਰਪੁਰ/ਐਸ.ਏ.ਐਸ. ਨਗਰ/ ਫਤਿਹਗੜ੍ਹ ਸਾਹਿਬ/ਮੰਡੀ ਮੰਡਲ, ਪੰਜਾਬ ਚੰਡੀਗੜ੍ਹ।
3. ਡਿਪਟੀ ਜਿਲਾ ਨਗਰ ਯੋਜਨਾਕਾਰ, ਕਪੂਰਥਲਾ/ਰੋਪੜ।

ਯਾਦ ਪੱਤਰ ਨੰ: 5085-5105 ਸੀਟੀਪੀ (ਪਬ)/SP-432 (Gen.) ਮਿਤੀ 9-06-08

**ਵਿਸ਼ਾ:** **5000 ਵਰਗ ਮੀਟਰ ਤੱਕ ਦੇ ਸਾਈਜ਼ ਦੀਆਂ ਉਦਯੋਗਿਕ ਇਕਾਈਆਂ ਦੇ ਸਾਇਟਸ ਦੇ ਚੇਂਜ਼ ਆਫ ਲੈਂਡ ਯੂਜ਼ ਦੀਆਂ ਪਾਵਰਾਂ ਸਬੰਧਤ ਸੀਨੀਅਰ ਨਗਰ ਯੋਜਨਾਕਾਰ ਨੂੰ ਡੈਲੀਗੇਟ ਕਰਨ ਬਾਰੇ**

ਸਰਕਾਰ ਪੱਧਰ ਤੇ ਫੈਸਲਾ ਕੀਤਾ ਗਿਆ ਹੈ ਕਿ ਇੰਡਸਟ੍ਰੀਅਲ ਮੈਨੂਫੈਕਚਰਿੰਗ ਇਕਾਈਆਂ ਜੋ 5000 ਵਰਗਮੀਟਰ ਤੱਕ ਦੇ ਰਕਬੇ ਦੇ ਵਿਚ ਤਜਵੀਜ਼ ਹੋਣ ਅਤੇ ਸੈਟਚੂਟਰੀ ਅਤੇ ਨਾਨ ਸੈਟਚੂਟਰੀ ਮਾਸਟਰ ਪਲੈਨ ਦੇ ਉਦਯੋਗਿਕ ਜ਼ੋਨ ਵਿੱਚ ਪੈਂਦੀਆਂ ਹੋਣ ਅਤੇ ਜ਼ੋਨਿੰਗ ਰੈ ਗੂਲੈਸ਼ਨਜ਼ ਦੀ ਪੂਰਤੀ ਕਰਦੀਆਂ ਹੋਣ, ਦਾ ਚੇਜ਼ ਆਫ ਲੈਂਡ ਯੂਜ਼ ਵਿਭਾਗ ਦੇ ਸੀਨੀਅਰ ਨਗਰ ਯੋਜਨਾਕਾਰ ਵਲੋਂ ਪ੍ਰਵਾਨ ਕੀਤਾ ਜਾਵੇਗਾ। ਇਸੇ ਤਰ੍ਹਾਂ ਜੋ ਮੈਨੂਫੈਕਚਰਿੰਗ ਇਕਾਈਆਂ 5000 ਵਰਗਮੀਟਰ ਤੱਕ ਦੇ ਰਕਬੇ ਵਿੱਚ ਸੈਟਚੂਟਰੀ ਮਾਸਟਰ ਪਲੈਨ ਦੇ ਲੋਕਲ ਪਲੈਨਿੰਗ ਏਰੀਆਂ ਅਤੇ ਨਾਨ-ਸੈਟਚੂਟਰੀ ਪਲੈਨਿੰਗ ਖੇਤਰ ਤੋਂ ਬਾਹਰ ਪੈਂਡੂ ਰਕਬੇ ਵਿੱਚ ਹੋਣਗੀਆਂ, ਦਾ ਭੋਂ ਮੰਤਵ ਤਬਦੀਲ ਵੀ ਸੀਨੀਅਰ ਨਗਰ ਯੋਜਨਾਕਾਰ ਵਲੋਂ ਪ੍ਰਵਾਨ ਕੀਤਾ ਜਾਵੇਗਾ। ਇਸ ਫੈਸਲੇ ਵਿੱਚ ਸਹਿਰੀ ਵਿਕਾਸ ਦੀ ਨੋਟੀਫਿਕੇਸ਼ਨ ਨੰ: 17/17/1/ਐਚ.ਜੀ2/311, ਮਿਤੀ 11.1.2008 ਵਿੱਚ ਦਿੱਤੇ ਅੰਦਾਰੇ ਜੋ ਲੈਂਡ ਯੂਜ. ਲਈ ਇੰਡਸਟਰੀਅਲ ਮੰਨੇ ਗਏ ਹਨ, ਸ਼ਾਮਿਲ ਨਹੀਂ ਹਨ। ਭਾਵ ਇਹਨਾਂ ਦੇ ਸੀ.ਐਲ.ਯੂ.. ਐਸ.ਟੀ.ਪੀਜ਼ ਵੱਲੋਂ ਨਹੀਂ ਕੀਤੇ ਜਾਣੇ।

2. ਸੀਐਲਯੂ.ਫੀਸ ਐਸ.ਟੀ.ਪੀ ਵੱਲੋਂ ਪ੍ਰਾਪਤ ਕਰਕੇ ਸਰਕਾਰ ਦੇ ਰਸੀਟ ਹੈਡ ਵਿੱਚ ਜਮ੍ਹਾਂ ਕਰਵਾਈ ਜਾਣੀ ਹੈ ਅਤੇ ਈ.ਡੀ.ਸੀ., ਲਾਇੰਸੰਸ ਫੀਸ ਜੋ ਡਰਾਫਟ ਰਾਹੀਂ ਮੁੱਖ ਪ੍ਰਸ਼ਾਸਕ, ਸਬੰਧਤ ਅਥਾਰਟੀ ਦੇ ਨਾਂ ਤੇ ਹੋਵੇ ਪ੍ਰਾਪਤ ਕਰਕੇ ਐਸ.ਟੀ.ਪੀ ਵੱਲੋਂ ਅਥਾਰਟੀ ਨੂੰ ਭੇਜੇ ਜਾਣਗੇ।

3. ਐਸ.ਟੀ.ਪੀ. ਵੱਲੋਂ ਉਪਰੋਕਤ ਫੈਸਲੇ ਅਨੁਸਾਰ ਪ੍ਰਵਾਨ ਕੀਤੇ ਸੀ.ਐਲ.ਯੂ. ਦੇ ਕੇਸਾਂ ਦੀ ਰਿਪੋਰਟ ਹਰ ਮਹੀਨੇ 7 ਤਾਰੀਖ ਤੱਕ ਮੁੱਖ ਨਗਰ ਯੋਜਨਾਕਾਰ ਨੂੰ ਭੇਜੀ ਜਾਇਆ ਕਰੇ।

4. ਐਸ.ਟੀ.ਪੀ ਵੱਲੋ ਪ੍ਰਵਾਨ ਕੀਤੇ ਉਪਰੋਕਤ ਕੇਸਾਂ ਦੀ ਸਰਕਾਰ ਦੇ ਫੈਸਲੇ ਅਨੁਸਾਰ ਰੈਡੰਮ ਚੈਕਿੰਗ ਮੁੱਖ ਦਫਤਰ ਵੱਲੋਂ ਕੀਤੀ ਜਾਇਆ ਕਰੇਗੀ।

5. ਉਪਰੋਕਤ ਫੈਸਲੇ ਅਨੁਸਾਰ ਸੀ.ਐਲ.ਯੂ. ਦੇ ਕੇਸ ਐਸ.ਟੀ.ਪੀ. ਵੱਲੋ ੰ ਨਾਲ ਨੱਥੀ ਚੈਕ ਲਿਸਟ ਅਤੇ ਆਮ ਸ਼ਰਤਾਂ ਅਨੁਸਾਰ ਡੀਲ ਕੀਤੇ ਜਾਣੇ ਚਾਹੀਦੇ ਹਨ। ਇਸ ਚੈਕ ਲਿਸਟ ਤੋਂ ਇਲਾਵਾ ਮੌਕੇ ਦੀ ਸਥਿਤੀ ਅਨੁਸਾਰ ਕਿਸੇ ਹੋਰ ਨੁਕਤੇ ਤੇ ਰਿਪੋਰਟ ਦੀ ਲੋੜ ਹੋਵੇ ਤਾਂ ਉਹ ਐਸ.ਟੀ.ਪੀ. ਵੱਲੋ ੰ ਆਪਣੇ ਪੱਧਰ ਤੇ ਕਰ ਲਈ ਜਾਵੇ

6 ਉਪਰੋਕਤ ਹੁਕਮਾਂ ਦੀ ਇਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਨੱਥੀ/ਉਪਰੋਕਤ ਅਨੁਸਾਰ।

ਮੁੱਖ ਨਗਰ, ਯੋਜਨਾਕਾਰ,

ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ 5106 ਸੀਟੀਪੀ (ਪਬ)/SP-432(Gen.) ਮਿਤੀ: 9-6-08

ਇਸ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਉਦਯੋਗ ਅਤੇ ਵਣਜ ਵਿਭਾਗ, ਚੰਡੀਗੜ੍ਹ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਮੁੱਖ ਨਗਰ, ਯੋਜਨਾਕਾਰ ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ 5107 ਸੀਟੀਪੀ(ਪਬ)SP-432(Gen.) ਮਿਤੀ: 9-6-08

ਇਸ ਦਾ ਇੱਕ ਉਤਾਰਾ ਸਕੱਤਰ ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ (ਮਕਾਨ ਉਸਾਰੀ-2 ਸ਼ਾਖਾ) ਨੂੰ ਉਹਨਾਂ ਦੇ ਪੱਤਰ ਨੰ: 17/17/2001-5 ਮਓ2/3769, 4-6-2008 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਮੁੱਖ ਨਗਰ, ਯੋਜਨਾਕਾਰ ਪੰਜਾਬ,
ਚੰਡੀਗੜ੍ਹ।

ਪਿੱਠਅੰਕਣ ਨੰ: 5108-17 ਸੀਟੀਪੀ(ਪਬ)/ SP-432(Gen.) ਮਿਤੀ: 9-6-08

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਚੀਫ ਐਡਮਨਿਸਟ੍ਰੇਟਰ, ਪੁੱਡਾ, ਗਮਾਡਾ, ਗਲਾਡਾ, ਬੀਡੀਏ, ਜੇਡੀਏ, ਏਡੀਏ ਅਤੇ ਪੀਡੀਏ
2. ਚੇਅਰਮੈਨ, ਪੰਜਾਬ ਪਲਿਯੂਸ਼ਨ ਕੰਟਰੋਲ ਬੋਰਡ, ਪਟਿਆਲਾ।
3. ਚੀਫ ਕੰਨਜਰਵੇਟਰ ਆਫ ਫਾਰੈਸਟਸ, ਪੰਜਾਬ।
4. ਡਾਈਰੈਕਟਰ ਆਫ ਫੈਕਟਰੀਜ, ਪੰਜਾਬ, ਚੰਡੀਗੜ੍ਹ।

ਮੁੱਖ ਨਗਰ, ਯੋਜਨਾਕਾਰ ਪੰਜਾਬ,
ਚੰਡੀਗੜ੍ਹ।